

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ

# ਸੰਪਾਦਕੀ

# “‘ਅਨੰਦਪੁਰ ਸਾਹਿਬ ਦਾ ਮਤਾ ਬਨਾਮ ਬਾਦਲ ਪਿਓ-ਪੁੱਤ ਦੀਆਂ ਮਸ਼ਕਰੀਆਂ”

ਅੰਗਰੇਜ਼ੀ ਦਾ ਇੱਕ ਅਖਾਣ ਹੈ -‘ਜਦੋਂ ਬਿੱਲੀ ਨੇੜੇ-ਤੇੜੇ ਨਾ ਹੋਏ ਉਦੋਂ ਹੀ ਚੂਹੇ ਚਾਂਭਲਦੇ ਹਨ - (ਵੈੱਨ ਦਾ ਕੈਟ ਇਜ਼ ਅਵੇਅ, ਮਾਊਸ ਵਿੱਲ ਪਲੇਅ)।’ ਪੰਜਾਬੀ ਮੁਹਾਵਰਾ ਵਿਦਵਾਨਾਂ ਨੇ ਇਸ ਦਾ ਮੁਹਾਵਰਾ ਅਨੁਵਾਦ ਕੀਤਾ ਹੈ - ‘ਘਰ ਵਾਲੇ ਘਰ ਨਹੀਂ, ਸਾਨੂੰ ਕਿਸੇ ਦਾ ਡਰ ਨਹੀਂ।’ ਅੱਜਕਲ੍ਹ ਬਾਦਲ ਪਿਓ-ਪੁੱਤ ਦੀ ‘ਅਸਿੱਖ ਜੋੜੀ’ ਜਿਵੇਂ ਸਿੱਖ ਕੌਮ, ਇਤਿਹਾਸ, ਪ੍ਰੰਪਰਾਵਾਂ, ਸਿੱਖ ਨਿਸ਼ਾਨੇ ਨਾਲ ਖਿਲਵਾੜ ਕਰ ਰਹੇ ਹਨ ਅਤੇ ਬਹੁਗਿਣਤੀ ਸਿੱਖ ਇਸ ਘੋਰ-ਅਪਰਾਧੀ ਵਰਤਾਰੇ ਨੂੰ, ਬੇ-ਗੈਰਤੀ ਭਰੇ ਮੂਕ-ਦਰਸ਼ਕ ਅੰਦਾਜ਼ ਵਿੱਚ ਤਮਾਸ਼ਬੀਨ ਬਣੇ ਦੇਖ ਰਹੇ ਹਨ। ਇਸ ਸਥਿਤੀ ’ਤੇ ਉਪਰੋਕਤ ਮੁਹਾਵਰਾ ਪੂਰੀ ਤਰ੍ਹਾਂ ਢੁੱਕਦਾ ਹੈ।

ਕਦੇ ਇਸ ਬਾਦਲ ਨੇ ਭਾਰਤੀ ਸੰਵਿਧਾਨ ਵਿੱਚ ਸਿੱਖਾਂ ਨੂੰ ‘ਹਿੰਦੂ’ ਗਰਦਾਨਦੀ ਧਾਰਾ-25 ਨੂੰ ਚੰਡੀਗੜ੍ਹ ਵਿੱਚ ਅੱਗ ਲਾ ਕੇ ਸਾੜਿਆ ਸੀ ਪਰ ਚਾਰ ਵਾਰ ਮੁੱਖ ਮੰਤਰੀ ਦੀ ਕੁਰਸੀ ’ਤੇ ਬਿਰਾਜਮਾਨ ਹੋਣ ਵਾਲੇ ਇਸ ਬਾਦਲ ਨੂੰ ਕਦੀ ਅਸੈਂਬਲੀ ਵਿੱਚ ‘ਸਿੱਖ ਮੈਰਿਜ ਐਕਟ’ ਬਣਾਉਣ ਦਾ ਚੇਤਾ ਹੀ ਨਹੀਂ ਆਇਆ। ਜੂਨ-1984 ਵਿੱਚ, ਬੀ. ਬੀ. ਸੀ. ਰਾਹੀਂ ਬਾਦਲ ਵਲੋਂ ਸਿੱਖਾਂ ਨੂੰ ਇਹ ਅਪੀਲ ਜਾਰੀ ਕੀਤੀ ਗਈ -‘ਹੁਣ ਸਾਡਾ ਭਾਰਤ ਨਾਲ ਰਿਸ਼ਤਾ ਖਤਮ ਹੋ ਗਿਆ ਹੈ। ਸਾਰੇ ਅਫਸਰ, ਮੁਲਾਜ਼ਮ ਆਪੋ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿਓ....।’ ਹਜ਼ਾਰਾਂ ਧਰਮੀ ਫੌਜੀਆਂ ਨੇ ਇਹ ਸੁਣ ਕੇ ਆਪਣੀਆਂ ਬੈਰਕਾਂ ਛੱਡੀਆਂ, ਕਈ ਸ਼ਹੀਦ ਹੋਏ, ਕੁਝ ਅਜੇ ਵੀ ਜੇਲ੍ਹਾਂ ਵਿੱਚ ਹਨ ਪਰ ਬਾਦਲ ਨੇ ਆਪਣੀ ‘ਨੌਕਰੀ’ ਵੀ ਮੁੜ ਸਾਂਭ ਲਈ ਅਤੇ ਹੁਣ ਆਪਣੇ ਪੁੱਤਰ, ਪਤਨੀ, ਨੂੰਹ, ਜਵਾਈ, ਭਤੀਜੇ ਸਮੇਤ ਸਭ ਨੇ ਮਿਲ ਕੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਦਾ ਖਜ਼ਾਨਾ ਵੀ ਸਾਂਭ ਲਿਆ ਹੈ। ਧਰਮ ਯੁੱਧ ਮੋਰਚਾ, ਘੱਲੂਘਾਰਾ, ਲੱਖਾਂ ਸ਼ਹੀਦ, ਧਰਮੀ ਫੌਜੀ, ਜੇਲ੍ਹਾਂ ਵਿੱਚ ਬੰਦ ਸਿੱਖ ਸਾਰੇ ਮਸਲੇ ਤਾਂ ਹੱਲ ਹੋ ਹੀ ਗਏ ਹਨ। ਕਦੇ ਪੰਡਿਤ ਨਹਿਰੂ ਦੀ ਕੈਬਨਿਟ ਵਿੱਚ ਰੱਖਿਆ ਮੰਤਰੀ ਬਣਾਏ ਗਏ ਬਲਦੇਵ ਸਿੰਘ ਨੇ ਇਹ ਬਿਆਨ ਦਿੱਤਾ ਸੀ - ‘ਪੰਡਤ ਜੀ ਨੇ ਮੈਨੂੰ ਰੱਖਿਆ ਮੰਤਰੀ ਬਣਾ ਕੇ ਸਿੱਖ ਕੌਮ ’ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ। ਸਿੱਖ ਹੁਣ ਹੋਰ ਸਰਕਾਰ ਤੋਂ ਕੀ ਚਾਹੁੰਦੇ ਹਨ?’ ਬਲਦੇਵ ਸਿੰਘ ਦੇ ਜਾਨਸ਼ੀਨ ਬਾਦਲ ਦੀ ਪਹੁੰਚ ‘ਕੁਰਸੀ’ ਹਥਿਆਉਣ ਤੋਂ ਬਾਅਦ ਲਗਭਗ ਇਹੋ ਜਿਹੀ ਹੀ ਹੁੰਦੀ ਹੈ।

ਰਾਜੀਵ-ਲੌਂਗੋਵਾਲ ਮਤੇ ਦਾ ਡੱਟ ਕੇ ਵਿਰੋਧ ਕਰਨ ਵਾਲਾ ਬਾਦਲ (ਕਿਉਂਕਿ ਇਸੇ ਸਮਝੌਤੇ ਦੀ ਇੱਕ ਅਣਲਿਖੀ ਮੱਦ ਅਨੁਸਾਰ ਸੁਰਜੀਤ ਸਿੰਘ ਬਰਨਾਲੇ ਨੂੰ ਮੁੱਖ ਮੰਤਰੀ ਬਣਾਇਆ ਜਾਣਾ ਸੀ) ਤਾਕਤ ਵਿੱਚ ਆਉਣ ਤੋਂ ਬਾਅਦ ਇਹ ‘ਭੁੱਲ’ ਹੀ ਗਿਆ ਕਿ ਉਸ ਨੇ ਇਸ ਸਮਝੌਤੇ ਤੋਂ ਕੋਈ ਵਧੀਆ ਸਮਝੌਤਾ ਕਰਨਾ ਸੀ। 1997 ਵਿੱਚ 5 ਸਾਲ ਲਈ ਮੁੱਖ ਮੰਤਰੀ ਬਣੇ ਬਾਦਲ ਨੂੰ ਅਨੰਦਪੁਰ ਦੇ ਮਤੇ, ਪੰਜਾਬ ਦੇ ਪਾਣੀਆਂ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ ਆਦਿ ਅਕਾਲੀ-ਮੰਗਾਂ ਦਾ ਕਦੀ ਸੁਫਨਾ ਤੱਕ ਵੀ ਨਹੀਂ ਆਇਆ।

ਕਦੇ ਜੁਝਾਰੂਆਂ ਦੇ ਭੋਗਾਂ ’ਤੇ ਜਾ ਕੇ ਉਨ੍ਹਾਂ ਨੂੰ ‘ਸ਼ਹੀਦ’ ਤੇ ‘ਜਾਂਬਾਜ਼ ਯੋਧੇ’ ਐਲਾਨਣ ਵਾਲੇ ਬਾਦਲ ਨੂੰ ਅੱਜ, ਸੰਤ ਭਿੰਡਰਾਂਵਾਲਿਆਂ ਸਮੇਤ ਸਾਰੇ ਜੁਝਾਰੂ ‘ਆਤੰਕਵਾਦੀ’ ਨਜ਼ਰ ਆਉਂਦੇ ਹਨ- ਜਿਵੇਂ ਕਿ ਉਸ ਨੇ ਪਿਛਲੀ ਅਸੈਂਬਲੀ ਵਿੱਚ ਇਸ ਵਿਸ਼ੇ ਸਬੰਧੀ ਬੋਲਦਿਆਂ ਕਿਹਾ ਸੀ। 1992 ਵਿੱਚ ਦਿੱਲੀ ਵਿਖੇ ਯੂਨਾਇਟਿਡ ਨੇਸ਼ਨਜ਼ ਦੇ ਸੈਕਟਰੀ ਜਨਰਲ ਮਿਸਟਰ ਬੁਤਰਸ ਬੁਤਰਸ ਘਾਲੀ ਨੂੰ ਯਾਦ ਪੱਤਰ ਦੇਣ ਵਾਲੇ ਬਾਦਲ ਨੂੰ ਅੱਜ ਸਾਰੇ ‘ਖਾਲਿਸਤਾਨੀ’ - ਦਹਿਸ਼ਤਗਰਦ ਤੇ ਸਿੱਖੀ ਦੇ ਦੁਸ਼ਮਣ ਜਾਪਦੇ ਹਨ। ਪਰ ਇਸ ਯਾਦ-ਪੱਤਰ ’ਤੇ ਪ੍ਰਕਾਸ਼ ਸਿੰਘ ਬਾਦਲ ਦੇ ਦਸਤਖਤ ਹਨ - ਜਿਸ ਵਿੱਚ ਸਿੱਖਾਂ ਲਈ ‘ਆਤਮ ਨਿਰਣੇ ਦੇ ਹੱਕ’ (ਰਾਈਟ ਟੂ ਸੈਲਫ ਡਿਟਰਮੀਨੇਸ਼ਨ) ਦੀ ਮੰਗ ਕੀਤੀ ਗਈ ਹੈ।

ਪਿਛਲੀਆਂ ਚੋਣਾਂ ਦੌਰਾਨ ਜਾਰੀ ਕੀਤੇ ਆਪਣੇ ਚੋਣ ਮੈਨੀਫੈਸਟੋ ਵਿੱਚ ਬਾਦਲ ਦਲ ਨੇ ਕਿਹਾ ਸੀ ਕਿ ਪੰਜਾਬ ਵਿਧਾਨ ਸਭਾ ਵਿੱਚ ਅਸੀਂ, ‘ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004’ (ਪਾਣੀਆਂ ਦੇ ਸਮਝੌਤਿਆਂ ਨੂੰ ਰੱਦ ਕਰਦਾ ਕਾਨੂੰਨ - 2004) ਦੀ ਧਾਰਾ-5 ਨੂੰ ਰੱਦ ਕਰਨ ਵਾਲਾ ਬਿੱਲ ਪਾਸ ਕਰਵਾਵਾਂਗੇ। ਯਾਦ ਰਹੇ ਇਸ ਧਾਰਾ 5 ਦੇ ਤਹਿਤ ਹਰਿਆਣੇ ਤੇ ਰਾਜਸਥਾਨ ਨੂੰ ਪਹਿਲਾਂ ਤੋਂ ਮਿਲ ਰਿਹਾ ਪਾਣੀ, ਉਵੇਂ ਹੀ ਮਿਲਦਾ ਰਹਿਣਾ ਹੈ, ਸਿਰਫ ਅੱਗੋਂ ਲਈ ਕੋਈ ਹੋਰ ਪਾਣੀ ਦੇਣ ਤੇ ਪਾਬੰਦੀ ਲਾਈ ਗਈ ਹੈ। ਹਾਲਾਂਕਿ ਇਸ ਐਕਟ ਨੂੰ ਵੀ ਰਾਜਸਥਾਨ ਤੇ ਹਰਿਆਣੇ ਨੇ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਹੋਇਆ ਹੈ। 2007 ਵਿੱਚ ਬਾਦਲ ਸਰਕਾਰ ਬਣਨ ਤੋਂ ਬਾਅਦ, ਬਾਦਲ ਨੇ ਆਪਣੀ ਪਹਿਲੀ ਪ੍ਰੈੱਸ-ਕਾਨਫਰੰਸ ਵਿੱਚ ਵੀ ਧਾਰਾ-5 ਨੂੰ ਰੱਦ ਕਰਨ ਦੀ ਗੱਲ ਕੀਤੀ, ਪਰ ਹਿੰਦੂ ਮੀਡੀਏ ਤੇ ਲੀਡਰਾਂ ਵਲੋਂ ਚੀਕ-ਚਿਹਾੜਾ ਪਾਉਣ ’ਤੇ (ਸਮੇਤ ਬੀ. ਜੇ. ਪੀ. ਲੀਡਰਾਂ ਦੇ) ਬਾਦਲ ਨੇ ਇਸ ਨੂੰ ਠੰਡੇ ਬਸਤੇ ਵਿੱਚ ਬੰਦ ਕਰ ਦਿੱਤਾ। ਹੁਣ ਸ਼ਾਇਦ ਅਗਲੀਆਂ ਅਸੈਂਬਲੀ ਚੋਣਾਂ (2012) ਵਿੱਚ ਬਾਦਲ (ਜੇ ਜਿਉਂਦਾ ਰਿਹਾ) ਜਾਂ ਉਸ ਦਾ ਮੁੰਡਾ, ਇਸ ਮੰਗ ਨੂੰ ਜ਼ਰੂਰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨਗੇ।

1973 ਤੋਂ ਅਨੰਦਪੁਰ ਸਾਹਿਬ ਦਾ ਮਤਾ, ਅਕਾਲੀ ਰਾਜਨੀਤਕ ਨਿਸ਼ਾਨੇ ਦਾ ਧੁਰਾ ਰਿਹਾ ਹੈ। 1971 ਦੀਆਂ ਪਾਰਲੀਮਾਨੀ ਚੋਣਾਂ ਵਿੱਚ ਅਕਾਲੀ ਦਲ ਨੂੰ ਪੰਜਾਬ ਦੀਆਂ 13 ਸੀਟਾਂ ਵਿੱਚੋਂ ਸਿਰਫ ‘ਇੱਕ ਨਸੀਬ ਹੋਈ ਸੀ ਅਤੇ 1972 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਪੰਜਾਬ

ਅਸੈਂਬਲੀ ਦੀਆਂ 117 ਸੀਟਾਂ ਵਿੱਚੋਂ ਸਿਰਫ 24 ਮਿਲੀਆਂ ਸਨ। ਇਸ ਲੱਕ-ਤੋੜਵੀਂ ਹਾਰ ਦਾ ਜਾਇਜ਼ਾ ਲੈਣ ਅਤੇ ਭਵਿੱਖ ਦੀਆਂ ਨੀਤੀਆਂ 'ਤੇ ਨਿਸ਼ਾਨਿਆਂ ਦੀ ਘਾੜਤ ਲਈ, ਅਕਾਲੀ ਦਲ ਨੇ 11 ਦਸੰਬਰ, 1972 ਨੂੰ ਇੱਕ 12 ਮੈਂਬਰੀ ਸਬ-ਕਮੇਟੀ ਬਣਾਈ ਸੀ। ਇਸ ਕਮੇਟੀ ਵਿੱਚ ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੌਹੜਾ, ਜੀਵਨ ਸਿੰਘ ਉਮਰਾਨੰਗਲ, ਗੁਰਮੀਤ ਸਿੰਘ, ਡਾਕਟਰ ਭਗਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਅਮਰ ਸਿੰਘ ਅੰਬਾਲਵੀ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਅਤੇ ਮੇਜਰ ਜਨਰਲ ਗੁਰਬਖਸ਼ ਸਿੰਘ ਬੱਧਨੀ ਸ਼ਾਮਲ ਸਨ। ਇਸ ਕਮੇਟੀ ਨੇ 10 ਤੋਂ ਜ਼ਿਆਦਾ ਮੀਟਿੰਗਾਂ ਕੀਤੀਆਂ ਅਤੇ ਅੱਡ-ਅੱਡ ਸਿੱਖ ਸਕਾਲਰਾਂ (ਸਮੇਤ ਸਿਰਦਾਰ ਕਪੂਰ ਸਿੰਘ ਜੀ ਦੇ) ਨਾਲ ਵੀ ਲਗਾਤਾਰ ਵਾਰਤਾਲਾਪ ਕੀਤਾ।

ਇਸ ਕਮੇਟੀ ਵਲੋਂ ਤਿਆਰ ਕੀਤੇ ਗਏ ਮਤੇ ਦੇ ਖਰੜੇ ਨੂੰ, ਅਕਾਲੀ ਦਲ ਵਰਕਿੰਗ ਕਮੇਟੀ ਦੀ 16-17 ਅਕਤੂਬਰ, 1973 ਨੂੰ ਅਨੰਦਪੁਰ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਪ੍ਰਵਾਨਗੀ ਦਿੱਤੀ ਗਈ ਜਿਹੜਾ ਕਿ 'ਅਨੰਦਪੁਰ ਸਾਹਿਬ ਦਾ ਮਤਾ' ਕਰਕੇ ਪ੍ਰਸਿੱਧ ਹੋਇਆ। 28-29 ਅਕਤੂਬਰ, 1978 ਵਿੱਚ ਅਕਾਲੀ ਦਲ ਦੀ ਲੁਧਿਆਣੇ ਵਿਖੇ ਹੋਈ 18ਵੀਂ ਸਰਬਹਿੰਦ ਅਕਾਲੀ ਕਾਨਫਰੰਸ ਵਿੱਚ ਇਸ ਨੂੰ ਮੁੜ ਪ੍ਰਵਾਨਿਆ ਗਿਆ ਅਤੇ ਇਸ ਸਬੰਧੀ ਕਈ ਹੋਰ ਮਤੇ ਵੀ ਪਾਸ ਕੀਤੇ ਗਏ। 1982 ਵਿੱਚ ਅਕਾਲੀ ਦਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਕੀਤੇ ਗਏ 'ਧਰਮ ਯੁੱਧ ਮੋਰਚੇ' ਦੀ ਮੁੱਖ ਮੰਗ - 'ਆਨੰਦਪੁਰ ਸਾਹਿਬ ਦੇ ਮਤੇ ਦੀ ਪੂਰਨ ਪ੍ਰਾਪਤੀ' ਨੂੰ ਹੀ ਰੱਖਿਆ ਗਿਆ ਸੀ, ਭਾਵੇਂ ਕਿ ਇਸ ਨਾਲ ਨਿੱਕੀਆਂ-ਮੋਟੀਆਂ ਹੋਰ ਮੰਗਾਂ ਵੀ ਜੋੜੀਆਂ ਗਈਆਂ ਸਨ। 20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਸਪੱਸ਼ਟ ਐਲਾਨ ਸੀ - 'ਅਸੀਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਅਰਦਾਸ ਕਰਕੇ ਮੋਰਚਾ ਲਾਇਆ ਹੋਇਆ ਹੈ, ਜਦੋਂ ਤੱਕ ਇਹ ਮੰਗ ਪੂਰੀ ਨਹੀਂ ਹੁੰਦੀ, ਇਹ ਮੋਰਚਾ ਜਾਰੀ ਰਹੇਗਾ। ਅਸੀਂ ਇਸ ਦੇਸ਼ ਵਿੱਚ ਬਰਾਬਰ ਦੇ ਸ਼ਹਿਰੀ ਬਣਕੇ ਰਹਿਣਾ ਚਾਹੁੰਦੇ ਹਾਂ, ਗੁਲਾਮ ਬਣ ਕੇ ਨਹੀਂ....। ਇਹ ਇਨ੍ਹਾਂ ਹਿੰਦੂਆਂ ਨੇ ਦੇਖਣੈ ਕਿ ਸਾਨੂੰ ਨਾਲ ਰੱਖਣਾ ਹੈ ਕਿ ਨਹੀਂ... ਪਰ ਜਿਸ ਦਿਨ ਹਿੰਦੋਸਤਾਨ ਦੀਆਂ ਫੌਜਾਂ ਦੇ ਨਾਪਾਕ ਪੈਰ, ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿੱਚ ਪਏ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।' ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਆਪਣੇ ਕੀਤੇ ਪ੍ਰਣ ਨੂੰ ਆਖਰੀ ਸਾਹ ਤੱਕ ਨਿਭਾਇਆ ਅਤੇ ਜੂਝ ਕੇ ਸ਼ਹੀਦੀਆਂ ਪਾਈਆਂ। ਪਰ ਦੋ-ਦੋ ਲੱਖ 'ਮਰਜੀਵੜਿਆਂ ਦੀ ਫੌਜ' ਭਰਤੀ ਕਰਨ ਵਾਲੇ, ਲੌਂਗੋਵਾਲ, ਟੌਹੜਾ, ਬਾਦਲ, ਬਰਨਾਲਾ, ਤਲਵੰਡੀ ਆਦਿ ਅਤੇ ਇਨ੍ਹਾਂ ਦੇ ਮਰਜੀਵੜੇ ਕਿਤੇ ਲੱਭੇ ਨਹੀਂ। ਲੌਂਗੋਵਾਲ ਤੇ ਟੌਹੜਾ ਤਾਂ ਇਸ ਦੁਨੀਆ ਤੋਂ ਬੇ-ਆਬਰੂ ਹੋ ਕੇ ਜਾ ਚੁੱਕੇ ਹਨ, ਬਰਨਾਲਾ ਤੇ ਤਲਵੰਡੀ ਅਕਾਲੀ ਸਿਆਸਤ ਵਿੱਚ ਕੰਨ 'ਚ ਪਾਇਆਂ ਨਹੀਂ ਰੜਕਦੇ ਤੇ ਇਸ ਵੇਲੇ ਤੂਤੀ ਸਿਰਫ ਬਾਦਲਕਿਆਂ ਦੀ ਬੋਲਦੀ ਹੈ। ਸਿੱਖ ਸਿਆਸਤ ਤੇ ਪੰਜਾਬ ਵਿੱਚ 'ਜੱਲੇ ਹਰਨਾਖਸ-ਥੱਲੇ ਹਰਨਾਖਸ' ਵਾਂਗ 'ਜੱਲੇ-ਥੱਲੇ ਬਾਦਲ' ਦਾ ਹੀ ਮੰਤਰ ਹੀ ਸਭ ਵਲੋਂ ਰੱਟਿਆ ਜਾ ਰਿਹਾ ਹੈ। ਆਪਣੀ ਸਿਆਸੀ-ਸ਼ਾਤਰਤਾ ਵਿੱਚ, ਪਿਛਲੇ ਦਿਨੀਂ ਜਦੋਂ ਬਾਦਲ ਨੇ ਆਨੰਦਪੁਰ ਸਾਹਿਬ ਤੇ ਮਤੇ ਦੀ 'ਗਰਦਾਨ' ਪੜ੍ਹੀ ਤਾਂ ਫਿਰ ਆਪਣਿਆਂ-ਬਿਗਾਨਿਆਂ ਨੇ ਕੰਨ ਚੁੱਕ ਲਏ। ਬਾਦਲ ਤੇ ਉਸ ਦਾ ਛੋਕਰਾ ਤਾਂ ਹੁਣ ਮੀਡੀਏ ਨੂੰ ਕਹਿਣ ਲੱਗ ਪਏ ਹਨ 'ਇਸ ਸਬੰਧੀ ਸਾਡੇ ਕੋਲੋਂ ਕੋਈ ਸਵਾਲ ਨਾ ਪੁੱਛੇ ਜਾਣ।' ਕਾਕਾ ਬਾਦਲ ਤਾਂ ਜਲੰਧਰ ਦੀ ਇੱਕ ਪ੍ਰੈੱਸ ਕਾਨਫਰੰਸ ਵਿੱਚ, ਇਸ ਸਵਾਲ ਨੂੰ ਸੁਣਦਿਆਂ ਹੀ 'ਭੱਜਣ' ਲੱਗਾ ਸੀ ਕਿ ਮੀਡੀਏ ਨੇ, ਪਾਣੀ-ਪੂਣੀ ਪਿਆ ਕੇ ਉਸ ਨੂੰ ਬਿਠਾਇਆ ਅਤੇ ਉਸ ਨਾਲ ਇਕਰਾਰ ਕੀਤਾ ਕਿ ਅਸੀਂ ਹੁਣ ਤੁਹਾਡੀ ਬੁੱਧੀ ਦਾ ਹੋਰ ਇਮਤਿਹਾਨ ਨਹੀਂ ਲਵਾਂਗੇ। ਇਹ ਕਾਕਾ ਜੀ ਅਕਾਲੀ ਦਲ ਦੇ ਪ੍ਰਧਾਨ ਹੋਣ ਦੇ ਨਾਲ-ਨਾਲ, ਸੁੱਖ ਨਾਲ ਅੱਜ ਕੱਲ ਡਿਪਟੀ ਮੁੱਖ ਮੰਤਰੀ ਵੀ 'ਸਜੇ' ਹੋਏ ਹਨ। ਇਹ ਅਨੰਦਪੁਰ ਦਾ ਮਤਾ ਕੀ ਹੈ ਅਤੇ ਇਸ ਦਾ ਇੰਨਾ ਵਾਵੇਲਾ-ਅਡੰਬਰ ਕਿਉਂ ਰਚਿਆ ਜਾਂਦਾ ਹੈ, ਇਸ ਦੀ ਚਰਚਾ ਅਗਲੀ ਲਿਖਤ ਵਿੱਚ ਕਰਾਂਗੇ।